evolve
regeneration through partnership

www.evolve-nr.org.uk

ਇਵੋਲਵ ਤੁਹਾਡਾ ਸਵਾਗਤ ਕਰਦੀ ਹੈ

ਇਵੋਲਵ ਨੇਬਰਹੁੱਡ ਰੀਜੈਨਰੇਸ਼ਨ ਅਜਿਹੀ ਏਜੰਸੀ ਹੈ ਜੋ ਆਪਣੇ ਸਾਂਝੀਦਾਰਾਂ ਨਾਲ ਮਿਲ ਕੇ ਬੂਟਲ ਦੇ ਕੁਈਨਜ਼, ਬੈੱਡਫ਼ਰਡ, ਵੁਸਟਰ ਅਤੇ ਹਾਅਥੋਰਨ  ਇਲਾਕਿਆਂ ਵਿਚ ਲੋਕਾਂ ਦੇ ਭਾਈਚਾਰਿਆਂ ਦੀ ਮਦਦ ਕਰਦੀ ਹੈ। ਸਾਡਾ ਕੰਮ ਬਹੁਤ ਸਾਰੀਆਂ ਸੰਸਥਾਵਾਂ ਨਾਲ ਮਿਲ ਕੇ ਉਹਨਾਂ ਦੇ ਅਤੇ ਇਲਾਕੇ ਦੇ ਨਿਵਾਸੀਆਂ ਅਤੇ ਕਾਰੋਬਾਰਾਂ ਦੇ ਸਹਿਯੋਗ ਨਾਲ ਇਲਾਕੇ ਵਿਚ ਸਭ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਹੈ।

ਇਵੋਲਵ ਦੇ ਕੰਮ ਦਾ ਧੁਰਾ ਇਲਾਕੇ ਦੇ ਲੋਕ ਹਨ - ਸਾਡਾ ਮੰਤਵ ਲੋਕਾਂ ਦੀ ਮਦਦ ਕਰਨਾ ਹੈ ਕਿ ਤਾਕਿ ਉਹ ਆਪਣੇ ਵਿਚਾਰ ਇਸ ਢੰਗ ਨਾਲ ਪੇਸ਼ ਕਰ ਸਕਣ ਜਿਹਦਾ ਚੰਗਾ ਅਸਰ ਉਹਨਾਂ ਫ਼ੈਸਲਿਆਂ 'ਤੇ ਪਏ ਜਿਹੜੇ ਫ਼ੈਸਲਿਆਂ ਦਾ ਭਵਿੱਖ ਵਿਚ ਉਹਨਾਂ ਦੇ ਰਹਿਣ ਵਾਲੇ ਇਲਾਕੇ 'ਤੇ ਅਸਰ ਪਏਗਾ। ਅਸੀਂ ਇਲਾਕੇ ਨੂੰ ਅਤੇ ਇਲਾਕੇ ਦੇ ਲੋਕਾਂ ਨੂੰ ਮਿਲਣ ਵਾਲੇ ਮਾਣ ਸਤਿਕਾਰ ਵਿਚ ਵਾਧਾ ਕਰਨਾ ਚਾਹੁੰਦੇ ਹਾਂ।

ਅਸੀਂ  ਇਹੋ ਜਿਹੇ ਕੰਮ ਕਰਦੇ ਹਾਂ - ਮਾਹੌਲ (ਇਲਾਕੇ ਨੂੰ ਸਾਫ਼ ਸੁਥਰਾ ਅਤੇ ਹਰਾ ਭਰਾ ਰੱਖਣਾ); ਵਿੱਦਿਆ (ਹਰ ਉਮਰ ਦੇ ਲੋਕਾਂ ਨੂੰ ਸਿੱਖਣ ਅਤੇ ਯੋਗਤਾਵਾਂ ਵਧਾਉਣ ਦੇ ਮੌਕੇ ਦੇਣਾ); ਸਿਹਤ (ਵੱਧ ਸਿਹਤਮੰਦ ਹੋਣ ਲਈ ਸਲਾਹ ਅਤੇ ਮਦਦ ਦੇਣਾ); ਰੁਜ਼ਗਾਰ (ਇਲਾਕੇ ਦੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਦੇ ਮਕਸਦ ਲਈ ਪੂੰਜੀ ਲਾਉਣ ਲਈ ਸਾਂਝੀਦਾਰਾਂ ਨੂੰ ਉਤਸ਼ਾਹ ਦੇਣਾ); ਵਧੀਆ ਘਰ (ਕਈ ਕਿਸਮ ਦੇ ਵਧੀਆ ਘਰ ਕਿਰਾਏ 'ਤੇ ਦੇਣਾ, ਵੇਚਣਾ ਜਾਂ ਸਾਂਝੀ ਮਲਕੀਅਤ ਲਈ ਦੇਣਾ); ਲੋਕਾਂ ਦੀ ਹਿਫ਼ਾਜ਼ਤ (ਘਰਾਂ ਦੀ ਹਿਫ਼ਾਜ਼ਤ ਤੋਂ ਲੈ ਕੇ ਸਮਾਜ-ਵਿਰੋਧੀ ਵਤੀਰੇ ਅਤੇ ਜੁਰਮ ਦੇ ਡਰ ਵਰਗੇ ਮਸਲਿਆਂ ਨਾਲ ਨਿਪਟਣਾ)।

ਸਾਡਾ ਕੰਮ ਤੁਹਾਡੀ ਗੱਲ ਧਿਆਨ ਨਾਲ ਸੁਣਨਾ, ਅਤੇ ਕਮਿਉਨਿਟੀ ਵਿਚ ਲੋਕਾਂ ਨੂੰ ਮਦਦ ਅਤੇ ਸਲਾਹ ਦੇਣਾ ਹੈ। ਅਸੀਂ ਬੂਟਲ ਦੇ ਇਲਾਕੇ ਨੂੰ ਸਭ ਲੋਕਾਂ ਲਈ ਹੋਰ ਵਧੀਆ ਬਣਾਉਣ ਲਈ ਵਚਨ-ਬੱਧ ਹਾਂ।

ਜੇ ਤੁਹਾਨੂੰ ਇਵੋਲਵ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਆਪਣਾ  ਨਾਂ, ਪਤਾ ਅਤੇ ਟੈਲੀਫ਼ੋਨ ਨੰਬਰ ਈਮੇਲ ਰਾਹੀਂ ਸਾਨੂੰ ਇਸ ਪਤੇ 'ਤੇ ਭੇਜੋ -

punjabi@evolve-nr.org.uk